# ਪਰਵਾਸੀ ਕਰਮਚਾਰੀਆਂ ਲਈ ਮਹੱਤਵਪੂਰਨ ਜਾਣਕਾਰੀ

**ਜੇ ਤੁਸੀਂ NYC ਵਿੱਚ ਕੰਮ ਕਰਦੇ ਹੋ,ਤਾਂ ਤੁਹਾਡੇ ਕੋਲ ਅਧਿਕਾਰ ਹਨ ਭਾਵੇਂ ਤੁਹਾਡੀ ਇਮੀਗ੍ਰੇਸ਼ਨ ਸਥਿਤੀ, ਰਾਸ਼ਟਰੀ ਮੂਲ, ਜਾਂ ਮੂਲ ਦੇਸ਼ ਕੋਈ ਵੀ ਹੋਵੇ।**

## ਤਨਖਾਹ ਸਮੇਤ ਸੁਰੱਖਿਅਤ ਅਤੇ ਬਿਮਾਰੀ ਦੀ ਛੁੱਟੀ

ਜੇ ਤੁਸੀਂ ਇੱਕ ਸਾਲ ਵਿੱਚ 80 ਨਾਲੋਂ ਜ਼ਿਆਦਾ ਘੰਟਿਆਂ ਲਈ NYC ਵਿੱਚ ਕੰਮ ਕਰਦੇ ਹੋ, ਤਾਂ ਤੁਸੀਂ ਹਰ ਸਾਲ 40 ਘੰਟਿਆਂ ਤੱਕ ਦੀ ਸੁਰੱਖਿਅਤ ਅਤੇ ਬਿਮਾਰੀ ਦੀ ਛੁੱਟੀ ਕਮਾ ਸਕਦੇ ਹੋ। ਛੁੱਟੀ ਦੀ ਵਰਤੋਂ ਆਪਣੀ ਜਾਂ ਕਿਸੇ ਅਜਿਹੇ ਵਿਅਕਤੀ ਜਿਸ ਨੂੰ ਤੁਸੀਂ ਪਰਿਵਾਰ ਸਮਝਦੇ ਹੋ, ਦੀ ਦੇਖਭਾਲ ਅਤੇ ਇਲਾਜ ਵਿੱਚ ਮਦਦ ਕਰਨ ਲਈ, ਜਾਂ ਘਰੇਲੂ ਹਿੰਸਾ, ਅਣਇੱਛਤ ਲਿੰਗੀ ਸੰਪਰਕ, ਪਿੱਛਾ ਕਰਨ, ਜਾਂ ਮਨੁੱਖੀ ਤਸਕਰੀ ਦੀ ਕਿਸੇ ਕਾਰਵਾਈ ਜਾਂ ਧਮਕੀ ਦੇ ਸੰਬੰਧ ਵਿੱਚ ਮਦਦ ਪ੍ਰਾਪਤ ਕਰਨ ਜਾਂ ਹੋਰ ਸੁਰੱਖਿਆ ਉਪਾਅ ਕਰਨ ਲਈ ਕਰੋ।

## ਘੱਟੋ-ਘੱਟ ਦਿਹਾੜੀ

ਤੁਹਾਨੂੰ ਲਾਜ਼ਮੀ ਤੌਰ 'ਤੇ ਉਸ ਹਰ ਘੰਟੇ ਲਈ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ ਜਦੋਂ ਤੁਸੀਂ ਕੰਮ ਕਰਦੇ ਹੋ, ਜਿਸ ਵਿੱਚ ਤੁਹਾਡੀ ਨਿਯਤ ਸ਼ਿਫਟ ਤੋਂ ਪਹਿਲਾਂ ਅਤੇ/ਜਾਂ ਬਾਅਦ ਦਾ ਕੰਮ ਅਤੇ ਕੰਮ ਵਾਲੇ ਦਿਨ ਦੌਰਾਨ ਸਫਰ ਤੇ ਲੱਗਾ ਸਮਾਂ ਸ਼ਾਮਲ ਹੈ।

31 ਦਸੰਬਰ, 2018 ਤੋਂ, ਇਹ ਘੱਟੋ-ਘੱਟ ਦਿਹਾੜੀਆਂ ਲਾਗੂ ਹੁੰਦੀਆਂ ਹਨ:

| ਨਿਊ ਯਾਰਕ ਸ਼ਹਿਰ ਵਿੱਚ ਘੱਟੋ-ਘੱਟ ਦਿਹਾੜੀਆਂ - ਦਰ ਅਨੁਸੂਚੀ | 12/31/18 | 12/31/19 |
|---|---|---|
| **ਫਾਸਟ ਫੂਡ ਦੇ ਮਾਲਕ** | | |
| ਕਰਮਚਾਰੀਆਂ ਦੀ ਕੋਈ ਵੀ ਸੰਖਿਆ | $15.00 | |
| **ਹੋਰ ਸਾਰੇ ਮਾਲਕ** | | |
| 10 ਜਾਂ ਘੱਟ ਕਰਮਚਾਰੀ | $13.50 | $15.00 |
| 11 ਜਾਂ ਜ਼ਿਆਦਾ ਕਰਮਚਾਰੀ | $15.00 | |

*ਟਿਪ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਲਈ ਖਾਸ ਦਰਾਂ ਹੁੰਦੀਆਂ ਹਨ।*

## ਓਵਰਟਾਇਮ

ਜੇ ਤੁਸੀਂ ਇੱਕ ਹਫਤੇ ਵਿੱਚ 40 ਘੰਟਿਆਂ ਤੋਂ ਜ਼ਿਆਦਾ ਕੰਮ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਲਾਜ਼ਮੀ ਤੌਰ ਤੇ 40 ਘੰਟਿਆਂ ਤੋਂ ਵੱਧ ਕੀਤੇ ਕੰਮ ਲਈ ਭੁਗਤਾਨ ਦੀ ਤੁਹਾਡੀ ਨੇਮਤ ਦਰ ਨਾਲੋਂ ਘੱਟੋ-ਘੱਟ 1.5 ਗੁਣਾ ਭੁਗਤਾਨ ਕਰਨਾ ਚਾਹੀਦਾ ਹੈ।

## ਸੰਗਠਿਤ ਹੋਣ ਦਾ ਅਧਿਕਾਰ

ਤੁਸੀਂ ਕਿਸੇ ਯੂਨੀਅਨ ਦੁਆਰਾ ਪ੍ਰਤਿਨਿਧਤਾ ਕੀਤੇ ਜਾਣ ਦੀ ਇੱਛਾ ਰੱਖਦੇ ਹੋ ਜਾਂ ਨਹੀਂ, ਇਸ ਸਮੇਤ, ਤੁਸੀਂ ਉਹਨਾਂ ਕੰਮ ਦੇ ਮਸਲਿਆਂ ਬਾਰੇ ਕਈ ਗਤੀਵਿਧੀਆਂ ਵਿੱਚ ਆਪਣੇ ਸਹਿਕਰਮੀਆਂ ਦੇ ਨਾਲ ਇਕੱਠੇ ਸ਼ਾਮਲ ਹੋ ਸਕਦੇ ਹੋ ਜੋ ਤੁਹਾਡੇ ਲਈ ਮਾਇਨੇ ਰੱਖਦੇ ਹਨ। ਮਾਲਕ ਕੰਮਕਾਜੀ ਹਲਾਤਾਂ ਬਾਰੇ ਤੁਹਾਡੇ ਸਹਿਕਰਮੀਆਂ ਦੇ ਨਾਲ ਗੱਲ ਕਰਨ ਜਾਂ ਸੰਗਠਿਤ ਹੋਣ ਲਈ ਤੁਹਾਨੂੰ ਧਮਕੀ ਨਹੀਂ ਦੇ ਸਕਦੇ ਹਨ, ਤੁਹਾਡੇ ਨਾਲ ਵਿਤਕਰਾ ਨਹੀਂ ਕਰ ਸਕਦੇ ਹਨ, ਜਾਂ ਤੁਹਾਡੇ ਖਿਲਾਫ ਹੋਰ ਕਾਰਵਾਈ ਨਹੀਂ ਕਰ ਸਕਦੇ ਹਨ।

## ਸੁਰੱਖਿਅਤ ਅਤੇ ਸਿਹਤਮੰਦ ਕੰਮ ਵਾਲਾ ਸਥਾਨ

ਤੁਹਾਡਾ ਕੰਮ ਵਾਲਾ ਸਥਾਨ ਗਿਆਤ ਸਿਹਤ ਅਤੇ ਸੁਰੱਖਿਆ ਸਬੰਧੀ ਖਤਰਿਆਂ ਤੋਂ ਮੁਕਤ ਹੋਣਾ ਲਾਜ਼ਮੀ ਹੈ। ਤੁਹਾਡੇ ਕੋਲ ਨੌਕਰੀ ਦੇ ਖਤਰਿਆਂ ਬਾਰੇ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰਨ ਦਾ ਵੀ ਅਧਿਕਾਰ ਹੈ।

## ਵਿਤਕਰਾ-ਮੁਕਤ ਕੰਮ ਵਾਲਾ ਸਥਾਨ

ਸ਼ਹਿਰ, ਰਾਜ, ਅਤੇ ਸੰਘੀ ਕਾਨੂੰਨ ਕਈ ਅਧਾਰਾਂ ਤੇ ਵਿਤਕਰੇ ਅਤੇ ਸ਼ੋਸ਼ਣ ਦੀ ਮਨਾਹੀ ਕਰਦਾ ਹੈ ਜਿਨ੍ਹਾਂ ਵਿੱਚ ਕਰਮਚਾਰੀ ਦੀਆਂ ਅਸਲ ਜਾਂ ਮੰਨੀਆਂ ਗਈਆਂ ਹੇਠਾਂ ਦਿੱਤੀਆਂ ਸਥਿਤੀਆਂ ਸ਼ਾਮਲ ਹਨ:

- ਇਮੀਗ੍ਰੇਸ਼ਨ ਦਰਜਾ
- ਨਸਲ
- ਰਾਸ਼ਟਰੀ ਮੂਲ
- ਧਰਮ/ਪੰਥ
- ਰੰਗ
- ਅਯੋਗਤਾ
- ਲਿੰਗ, ਲੈਂਗਿਗਤਾ
- ਲਿੰਗੀ ਪਛਾਣ
- ਗਰਭ-ਅਵਸਥਾ
- ਜਿਨਸੀ ਝੁਕਾਅ
- ਗਿਰਫਤਾਰੀ ਜਾਂ ਦੋਸ਼-ਸਿੱਧੀ ਦਾ ਰਿਕਾਰਡ
- ਘਰੇਲੂ ਹਿੰਸਾ ਦੇ ਪੀੜਤ ਵਜੋਂ ਸਥਿਤੀ
- ਦੇਖਭਾਲਕਰਤਾ ਦੀ ਸਥਿਤੀ

ਉਹਨਾਂ ਸੁਤੰਤਰ ਠੇਕੇਦਾਰਾਂ ਦੀ ਵੀ ਵਿਤਕਰੇ ਅਤੇ ਸ਼ੋਸ਼ਣ ਤੋਂ ਰੱਖਿਆ ਕੀਤੀ ਜਾਂਦੀ ਹੈ ਜੋ ਖੁਦ ਮਾਲਕ ਨਹੀਂ ਹਨ।

*ਪਿਛਲੇ ਪਾਸੇ ਜਾਰੀ >*

NYC
Bill de Blasio
Mayor

**Consumer Affairs**
Lorelei Salas
Commissioner

**Mayor's Office of Immigrant Affairs**
Bitta Mostofi
Commissioner

**Commission on Human Rights**
Carmelyn P. Malalis
Commissioner/Chair

## ਇੱਕ ਸੁਤੰਤਰ ਠੇਕੇਦਾਰ ਵਜੋਂ ਕੀਤੇ ਕੰਮ ਲਈ ਭੁਗਤਾਨ

ਜੇ ਤੁਸੀਂ NYC ਵਿੱਚ ਇੱਕ ਫ੍ਰੀਲੈਂਸ ਕਰਮਚਾਰੀ ਹੋ, ਤਾਂ ਤੁਹਾਡੇ ਕੋਲ ਕਾਨੂੰਨੀ ਅਧਿਕਾਰ ਹਨ ਜਿਨ੍ਹਾਂ ਵਿੱਚ ਇਹ ਸ਼ਾਮਲ ਹਨ:

- ਕਿਸੇ ਵੀ 120-ਦਿਨ ਦੀ ਮਿਆਦ ਵਿੱਚ ਕੁੱਲ ਮਿਲਾ ਕੇ $800 ਜਾਂ ਜ਼ਿਆਦਾ ਦੇ ਕੰਮ ਲਈ **ਲਿਖਤੀ ਇਕਰਾਰਨਾਮਾ**
- **ਸਮੇਂ-ਸਿਰ ਭੁਗਤਾਨ**
- **ਮੁਕੱਦਮਾ ਚਲਾਉਣ ਦਾ ਅਧਿਕਾਰ** ਜੇ ਤੁਹਾਨੂੰ ਤੁਹਾਡੇ ਕੰਮ ਲਈ ਸਮੇਂ-ਸਿਰ ਭੁਗਤਾਨ ਨਹੀਂ ਕੀਤਾ ਜਾਂਦਾ ਹੈ
  *ਤੁਹਾਡੇ ਕੋਲ ਉਸ ਰਕਮ ਦਾ ਦੁੱਗਣਾ ਜਿਸ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ, ਬਦਲੇ ਦੀ ਕਾਰਵਾਈ ਲਈ ਭਰਪਾਈ, ਅਤੇ ਵਕੀਲ ਦੀਆਂ ਫੀਸਾਂ ਅਤੇ ਲਾਗਤਾਂ ਦੇ ਭੁਗਤਾਨ ਪ੍ਰਾਪਤ ਕਰਨ ਦਾ ਅਧਿਕਾਰ ਹੈ।*

### ਜੇ ਯੂ.ਐਸ. ਇਮੀਗ੍ਰੇਸ਼ਨ ਐਂਡ ਕਸਟਮਸ ਏਨਫੋਰਸਮੈਂਟ (U.S. Immigration and Customs Enforcement, ICE) ਤੁਹਾਡੇ ਕੰਮ ਵਾਲੇ ਸਥਾਨ ਤੇ ਆਉਂਦਾ ਹੈ ਤਾਂ ਜਾਣਨ ਵਾਲੀਆਂ ਗੱਲਾਂ:

- ਸ਼ਾਂਤ ਰਹੋ।
- ਜੇ ਤੁਸੀਂ ICE ਦੇ ਨਾਲ ਗੱਲ ਕਰਦੇ ਹੋ, ਤਾਂ ਇਸ ਬਾਰੇ ਜਾਣੂ ਰਹੋ ਕਿ ਜੋ ਵੀ ਤੁਸੀਂ ਕਹਿੰਦੇ ਹੋ ਉਸ ਨੂੰ ਤੁਹਾਡੇ ਖਿਲਾਫ ਵਰਤਿਆ ਜਾ ਸਕਦਾ ਹੈ।
- ਜੇ ICE ਏਜੰਟ ਕੋਲ ਕੋਈ ਅਦਾਲਤੀ ਵਰੰਟ ਨਹੀਂ ਹੈ, ਤਾਂ ਉਹਨਾਂ ਨੂੰ ਨਿੱਜੀ ਖੇਤਰਾਂ ਵਿੱਚ ਦਾਖਲ ਹੋਣ ਲਈ ਰਜ਼ਾਮੰਦੀ ਜ਼ਰੂਰ ਪ੍ਰਾਪਤ ਕਰਨੀ ਚਾਹੀਦੀ ਹੈ।

### ਜੇ ਤੁਹਾਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਜਾਣਨ ਵਾਲੀਆਂ ਗੱਲਾਂ:

- ਤੁਸੀਂ ਕਿਸੇ ਵਕੀਲ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ।
- ਤੁਸੀਂ ਕਿਸੇ ਵੀ ਕਾਗਜ਼ ਤੇ ਦਸਤਖਤ ਕਰਨ ਤੋਂ ਪਹਿਲਾਂ ਆਪਣੇ ਵਕੀਲ ਨਾਲ ਗੱਲ ਕਰ ਸਕਦੇ ਹੋ।
- ਜੇ ਤੁਸੀਂ ICE ਦੇ ਨਾਲ ਗੱਲ ਕਰਦੇ ਹੋ, ਤਾਂ ਇਸ ਬਾਰੇ ਜਾਣੂ ਰਹੋ ਕਿ ਜੋ ਵੀ ਤੁਸੀਂ ਕਹਿੰਦੇ ਹੋ ਉਸ ਨੂੰ ਤੁਹਾਡੇ ਖਿਲਾਫ ਵਰਤਿਆ ਜਾ ਸਕਦਾ ਹੈ।

**ਨੋਟ: NYPD ਇਮੀਗ੍ਰੇਸ਼ਨ ਲਾਗੂਕਰਨ ਦਾ ਕੰਮ ਨਹੀਂ ਕਰਦਾ ਹੈ।**
ਹੋਰ ਜਾਣਕਾਰੀ ਲਈ, 1-212-788-7654 ਤੇ ਮੇਅਰ ਦੇ ਆਫਿਸ ਆਫ ਇਮੀਗ੍ਰੇਂਟ ਅਫੇਅਰਸ (Mayor's Office of Immigrant Affairs) ਨਾਲ ਸੰਪਰਕ ਕਰੋ।

## ਕੀ ਤੁਹਾਡੇ ਕੋਈ ਸਵਾਲ ਹਨ ਜਾਂ ਮਦਦ ਚਾਹੀਦੀ ਹੈ?

### ਕੰਮ ਵਾਲੇ ਸਥਾਨ ਦੇ ਅਧਿਕਾਰ

ਡਿਪਾਰਟਮੈਂਟ ਆਫ ਕੰਜ਼ਿਊਮਰ ਅਫੇਅਰਸ (Department of Consumer Affairs, DCA) ਦਾ ਆਫਿਸ ਆਫ ਲੇਬਰ ਪਾਲਿਸੀ ਐਂਡ ਸਟੈਂਡਰਡਸ (Office of Labor Policy & Standards) ਕਰਮਚਾਰੀਆਂ ਲਈ NYC ਦਾ ਕੇਂਦਰੀ ਸਰੋਤ ਹੈ। DCA ਨਾਲ ਸੰਪਰਕ ਕਰਨ ਲਈ:

- **311** (NYC ਤੋਂ ਬਾਹਰ 212-NEW-YORK) ਤੇ ਕਾਲ ਕਰੋ।
  ਤਨਖਾਹ ਸਮੇਤ ਸੁਰੱਖਿਅਤ ਅਤੇ ਬਿਮਾਰੀ ਦੀ ਛੁੱਟੀ, ਫ੍ਰੀਲੈਂਸ ਕਰਮਚਾਰੀਆਂ, ਜਾਂ ਫੇਅਰ ਵਰਕਵੀਕ ਕਾਨੂੰਨ ਬਾਰੇ ਪੁੱਛੋ।
- **OLPS@dca.nyc.gov** ਤੇ ਈ-ਮੇਲ ਕਰੋ
- **nyc.gov/dca** ਤੇ ਜਾਓ

### ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ

ActionNYC ਤੁਹਾਡੀ ਆਪਣੀ ਭਾਸ਼ਾ ਵਿੱਚ, ਤੁਹਾਡੀ ਕਮਿਊਨਿਟੀ ਵਿੱਚ ਸੁਰੱਖਿਅਤ, ਮੁਫਤ ਇਮੀਗ੍ਰੇਸ਼ਨ ਕਾਨੂੰਨੀ ਸਕ੍ਰੀਨਿੰਗ ਮੁਹੱਈਆ ਕਰਦਾ ਹੈ। ActionNYC ਦੇ ਨਾਲ ਸੰਪਰਕ ਕਰਨ ਲਈ:

- **311** ਤੇ ਕਾਲ ਕਰੋ ਅਤੇ ਕਹੋ "ActionNYC"।
- **nyc.gov/actionnyc** ਤੇ ਜਾਓ

ਤੁਸੀਂ NYCitizenship ਦੇ ਜਰੀਏ ਨਾਗਰਿਕਤਾ ਐਪਲਿਕੇਸ਼ਨਾਂ ਵਿੱਚ ਮੁਫਤ ਕਾਨੂੰਨੀ ਮਦਦ ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਅਪਾਇੰਟਮੈਂਟ ਜ਼ਰੂਰ ਲੈਣੀ ਚਾਹੀਦੀ ਹੈ। NYCitizenship ਦੇ ਨਾਲ ਸੰਪਰਕ ਕਰਨ ਲਈ:

- **311** ਤੇ ਕਾਲ ਕਰੋ ਅਤੇ ਕਹੋ "citizenship appointment"।

ਮੇਅਰ ਦੇ ਆਫਿਸ ਆਫ ਇਮੀਗ੍ਰੇਂਟ ਅਫੇਅਰਸ (Mayor's Office of Immigrant Affairs, MOIA) ਇਮੀਗ੍ਰੇਂਟ ਭਾਈਚਾਰਿਆਂ ਦੇ ਕਲਿਆਣ ਨੂੰ ਵਧਾਵਾ ਦਿੰਦਾ ਹੈ ਅਤੇ ਇਮੀਗ੍ਰੇਂਟਾਂ ਲਈ ਕਾਨੂੰਨੀ ਅਤੇ ਸ਼ਹਿਰ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। MOIA ਦੇ ਨਾਲ ਸੰਪਰਕ ਕਰਨ ਲਈ:

- **nyc.gov/immigrants** ਤੇ ਜਾਓ

### ਵਿਤਕਰੇ ਤੋਂ ਰੱਖਿਆ

ਨਿਊ ਯਾਰਕ ਸਿਟੀ ਕਮਿਸ਼ਨ ਆਨ ਹਿਊਮਨ ਰਾਇਟਸ (New York City Commission on Human Rights) ਕੋਲ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦੇ ਲਾਗੂਕਰਨ ਅਤੇ ਸਮਾਜ ਨੂੰ ਸਿੱਖਿਅਤ ਕਰਨ ਅਤੇ ਸਕਾਰਾਤਮਕ ਕਮਿਊਨਿਟੀ ਸਬੰਧਾਂ ਨੂੰ ਵਧਾਵਾ ਦੇਣ ਦੀ ਜ਼ਿੰਮੇਵਾਰੀ ਹੈ।

ਜੇ ਤੁਹਾਡੇ ਨਾਲ ਕੰਮ ਕਰਨ ਦੇ ਸਥਾਨ ਤੇ ਪੱਖਪਾਤ ਜਾਂ ਸ਼ੋਸ਼ਣ ਹੋਇਆ ਹੈ ਜਾਂ ਤੁਸੀਂ ਇਸ ਨੂੰ ਦੇਖਿਆ ਹੈ, ਤਾਂ ਕਮਿਸ਼ਨ ਨਾਲ ਸੰਪਰਕ ਕਰੋ:

- **311** ਜਾਂ 1-718-722-3131 ਤੇ ਕਾਲ ਕਰੋ
- **nyc.gov/humanrights** ਤੇ ਜਾਓ

NYC®
Bill de Blasio
Mayor

**Consumer Affairs**
Lorelei Salas
Commissioner

**Mayor's Office of Immigrant Affairs**
Bitta Mostofi
Commissioner

**Commission on Human Rights**
Carmelyn P. Malalis
Commissioner/Chair

1/2019